# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 30-08-2024**

ਸਿੱਖਿਆ ਮੰਤਰਾਲੇ ਨੇ ਵਿਦਿਆਰਥੀਆਂ ਲਈ ਬਹੁ-ਭਾਸ਼ਾਵਾਦ, ਸਕੂਲਾਂ ਵਿੱਚ ਸਿੱਖਿਆ ਦੇ ਮਾਧਿਅਮ ਅਤੇ ਸਥਾਨਕ ਭਾਰਤੀ ਭਾਸ਼ਾਵਾਂ ਵਿੱਚ ਪੜ੍ਹਾਉਣ ਦੇ ਮਹੱਤਵ ਬਾਰੇ ਚਰਚਾ ਕਰਨ ਲਈ ਇੱਕ ਮੀਟਿੰਗ ਕੀਤੀ। ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੇ ਸਕੱਤਰ ਸੰਜੇ ਕੁਮਾਰ ਦੀ ਪ੍ਰਧਾਨਗੀ ਹੇਠ, ਨਵੀਂ ਦਿੱਲੀ ਵਿਖੇ ਸੀਨੀਅਰ ਅਧਿਕਾਰੀਆਂ ਅਤੇ ਮਾਹਿਰਾਂ ਨਾਲ ਮੀਟਿੰਗ ਹੋਈ। ਮੰਤਰਾਲੇ ਨੇ ਕਿਹਾ ਕਿ ਇੱਕ ਤੋਂ ਵੱਧ ਭਾਸ਼ਾਵਾਂ ਦਾ ਗਿਆਨ ਆਪਸੀ ਹੁਨਰ ਅਤੇ ਗਿਆਨ ਨੂੰ ਵਧਾਉਂਦਾ ਏ। ਸਿੱਖਿਆ ਵਿੱਚ ਮਾਤ ਭਾਸ਼ਾ ਦੀ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਮੰਤਰਾਲੇ ਨੇ ਕਿਹਾ ਕਿ ਬੱਚੇ ਆਪਣੀ ਮਾਤ ਭਾਸ਼ਾ ਵਿੱਚ ਮੁੱਖ ਧਾਰਨਾਵਾਂ ਤੇਜ਼ੀ ਨਾਲ ਸਿੱਖਦੇ ਨੇ।

-----------------------------------------------------------

ਨਿਊਯਾਰਕ ਦੀ ਰੇਟਿੰਗ ਏਜੰਸੀ ਮੂਡੀਜ਼ ਨੇ, ਵਿੱਤੀ ਸਾਲ 2024 ਲਈ

ਭਾਰਤ ਦੀ GDP ਵਿਕਾਸ ਦਰ ਦੇ ਅਨੁਮਾਨ ਨੂੰ ਵਧਾ ਕੇ 7.2 ਫੀਸਦੀ ਕਰ ਦਿੱਤਾ ਏ। ਮੂਡੀਜ਼ ਦਾ ਪਿਛਲਾ ਅਨੁਮਾਨ 6.8 ਫੀਸਦੀ ਸੀ। ਮੂਡੀਜ਼ ਨੇ ਸਾਲ 2025 ਲਈ 6. 6 ਫੀਸਦੀ ਦਾ ਅਨੁਮਾਨ ਲਗਾਇਆ ਏ, ਪਿਛਲੇ ਸਾਲ ਇਹ 6.4 ਫੀਸਦੀ ਸੀ। ਰਿਪੋਰਟ ਵਿੱਚ ਕਿਹਾ ਗਿਆ ਏ ਕਿ ਇਹ ਸੋਧਿਆ ਅਨੁਮਾਨ, ਮਜ਼ਬੂਤ ਅਤੇ ਵਿਆਪਕ-ਆਧਾਰਿਤ ਵਿਕਾਸ ਦੇ ਅਧਾਰ 'ਤੇ ਕਾਰੋਬਾਰੀ ਸਥਿਤੀਆਂ ਵਿੱਚ ਸੁਧਾਰ ਰਾਹੀਂ ਚਲਾਏ ਗਏ ਨੇ।

--------------------------------------------------------------------

ਸਮੇਂ ਦੇ ਨਾਲ ਸੰਚਾਰ ਦੇ ਸਾਧਨਾਂ ਵਿਚ ਕਈ ਤਬਦੀਲੀਆਂ ਵੇਖਣ ਨੂੰ ਮਿਲੀਆਂ ਨੇ। ਸਮਾਜ ਵਿਚ ਇਕ ਦੂਜੇ ਨੂੰ ਜੋੜਨ ਦਾ ਕੰਮ ਕਰਦਿਆਂ ਚਿਠੀਆਂ ਦੀ ਥਾਂ ਹੁਣ ਵਟਸ ਅੱਪ ਸੁਨੇਹਿਆਂ ਨੇ ਲੈ ਲਈ ਏ। ਹਾਲਾਂਕਿ ਆਕਾਸ਼ਵਾਨੀ ਦੇ ਵੱਖ ਵੱਖ ਕੇਂਦਰਾਂ ਵਿਚ ਹਾਲੇ ਵੀ ਸੁਨੇਹਿਆਂ ਦਾ ਜਰਿਆ ਇਹ ਖਤ ਹੀ ਬਣੇ ਹੋਏ ਨੇ।

***ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਮੌਜੂਦਾ ਸਮੇਂ ਵਿੱਚ ਭਾਵੇਂ ਤੇਜ ਤਕਨੀਕੀ ਸੰਚਾਰ ਪੁਰਾਣੇ ਜਮਾਨੇ ਦੀਆਂ ਚਿੱਠੀਆਂ ਤੇ ਭਾਰੀ ਨਜ਼ਰ ਆਉਂਦਾ ਏ ਪਰ ਆਕਾਸ਼ਵਾਣੀ ਵਿੱਚ ਪ੍ਰੋਗਰਾਮਾਂ ਸੰਬੰਧੀ ਮਿਲਣ ਵਾਲੇ***

*ਲੋਕਾਂ ਦੇ ਸੁਝਾਅ ਤੇ ਗਾਣਿਆਂ ਦੀ ਫਰਮਾਇਸ਼ ਸੰਬੰਧੀ ਚਿੱਠੀਆਂ ਨੇ ਖਾਸਤੌਰ ਤੇ ਪੋਸਟ ਕਾਰਡ ਦੀ ਹੋਂਦ ਨੂੰ ਹਾਲੇ ਵੀ ਕਾਇਮ ਰੱਖਿਆ ਹੋਇਆ ਏ । ਜੀ ਹਾਂ ਆਕਾਸ਼ਵਾਣੀ ਜਲੰਧਰ ਵਿਖੇ ਰੋਜ਼ਾਨਾ ਆਉਣ ਵਾਲੇ ਇਹ ਪੋਸਟ ਕਾਰਡ ਬੀਤੇ ਜ਼ਮਾਨੇ ਦੀ ਉਸ ਯਾਦ ਨੂੰ ਨਾ ਸਿਰਫ ਤਾਜ਼ਾ ਹੀ ਕਰਵਾਉਂਦੇ ਨੇ ਬਲਕਿ ਕਾਇਮ ਵੀ ਰੱਖੇ ਹੋਏ ਨੇ ਜਦੋਂ ਸੰਚਾਰ ਦਾ ਮੁੱਖ ਮਾਧਿਅਮ ਸਿਰਫ ਤੇ ਸਿਰਫ ਇਹ ਪੋਸਟ ਕਾਰਡ ਜਾਂ ਇੰਨਲੈਂਡ ਲੈਟਰ ਹੀ ਹੁੰਦੇ ਸਨ। ਆਕਾਸ਼ਵਾਣੀ ਜਲੰਧਰ ਨਾਲ ਖ਼ਤਾਂ ਰਾਹੀਂ ਲੰਮੇਂ ਸਮੇਂ ਤੋਂ ਜੁੜੇ ਅਜਿਹੇ ਹੀ ਕੁਝ ਸਰੋਤਿਆਂ ਦਾ ਕਹਿਣਾ ਏ।*

***Byte***

*ਸਮਾਂ ਪਰਿਵਰਤਨਸ਼ੀਲ ਏ ਅਤੇ ਯਕੀਨਨ ਮੁੜ ਇਕ ਵਾਰ ਫੇਰ ਉਹ ਸਮਾਂ ਜਰੂਰ ਵੇਖਣ ਨੂੰ ਮਿਲੇਗਾ ਜਦੋਂ ਇਹ ਪੋਸਟ ਕਾਰਡ ਤੇ ਇਨਲੈਂਡ ਲੈਟਰ ਹੀ ਸੰਚਾਰ ਦੇ ਮੁਖ ਸਾਧਨ ਵਜੋਂ ਸਾਮ੍ਹਣੇ ਨਜ਼ਰ ਆਉਣਗੇ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ ਜਲੰਧਰ*

---------------------------------------------------------------

ਰੂਪਨਗਰ ਪੁਲਿਸ ਨੇ, ਜ਼ਿਲੇ ਵਿਚ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ, ਜਾਅਲੀ ਕਰੰਸੀ ਛਾਪਣ ਅਤੇ ਚਲਾਉਣ ਵਾਲੇ ਵਿਅਕਤੀਆਂ ਦਾ ਪਰਦਾਫਾਸ਼ ਕਰਦੇ ਹੋਏ, ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਏ। ਜ਼ਿਲੇ ਦੇ ਐਸ ਐਸ ਪੀ ਗੁਲਨੀਤ ਸਿੰਘ ਖੁਰਾਣਾ ਨੇ, ਦੱਸਿਆ ਕਿ ਬੀਤੇ 27 ਅਗਸਤ ਨੂੰ ਇੱਕ ਵਿਅਕਤੀ ਆਪਣੇ ਸਾਥੀਆਂ ਨਾਲ ਕਾਰ ਵਿੱਚ ਸਵਾਰ ਹੋ ਕੇ, ਲੁਠੇੜੀ ਵਿਖੇ ਆਇਆ ਸੀ। ਜਿਹਨਾਂ ਵਿੱਚੋ ਇੱਕ ਵਿਅਕਤੀ ਲੁਠੇੜੀ ਵਿਖੇ ਹਲਵਾਈ ਦੀ ਦੁਕਾਨ ਤੇ 500 ਰੁਪਏ ਭਾਰਤੀ ਕਰੰਸੀ ਦਾ ਜਾਅਲੀ ਨੋਟ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਬਾਜ਼ਾਰ ਵਿੱਚ ਰੌਲਾ ਪੈਣ ਤੇ ਆਪਣੇ ਸਾਥੀਆਂ ਨਾਲ ਓਥੋਂ ਫਰਾਰ ਹੋ ਗਿਆ। ਉਨਾਂ ਦੱਸਿਆ ਕਿ ਇਹ ਦੋਸ਼ੀ 28 ਅਗਸਤ ਨੂੰ ਫਿਰ ਤੋਂ, ਦੋਬਾਰਾ ਬੱਸ ਅੱਡਾ ਮਾਰਕੀਟ ਲੁਠੇੜੀ ਵਿੱਚ ਘੁੰਮ-ਫਿਰ ਕੇ 500 ਰੁਪਏ ਭਾਰਤੀ ਕਰੰਸੀ ਦਾ ਜਾਅਲੀ ਨੋਟ ਚਲਾਉਣ ਦੀ ਕੋਸ਼ਿਸ ਕਰ ਰਿਹਾ ਸੀ, ਜਿਸ ਨੂੰ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਇੰਚਾਰਜ ਪੁਲਿਸ ਚੌਕੀ ਲੁਠੇੜੀ ਥਾਣਾ ਸਦਰ ਮੋਰਿੰਡਾ ਨੇ ਕਾਬੂ ਕਰ ਲਿਆ। ਉਸ ਤੋਂ ਅਗੇ ਪੁੱਛਗਿੱਛ ਕੀਤੀ ਜਾ ਰਹੀ ਏ।

---------------------------------------------------------------

ਓਲੰਪਿਕ ਪਹਿਲਵਾਨ ਵਿਨੇਸ਼ ਫੋਗਾਟ ਅੱਜ ਅੰਮ੍ਰਿਤਸਰ ਵਿਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ। ਉਹਨਾਂ ਦਰਬਾਰ ਸਾਹਿਬ ਵਿੱਚ ਮੱਥਾ ਟੇਕ ਕੇ, ਗੁਰਬਾਣੀ ਕੀਰਤਨ ਸਰਵਣ ਕੀਤਾ ਤੇ ਸਰਬੱਤ ਤੇ ਭਲੇ ਦੀ ਅਰਦਾਸ ਕੀਤੀ। ਇਸ ਦੌਰਾਨ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ, ਵਿਨੇਸ਼ ਫੋਗਾਟ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ ਤੇ ਉੱਥੇ ਹੀ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਜਥੇਦਾਰ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੀ ਸਨਮਾਨਿਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਵਿਨੇਸ਼ ਫੋਗਾਟ ਨੇ ਕਿਹਾ ਕਿ ਉਹਨਾਂ ਦੇ ਮਨ ਦਾ ਸੁਪਨਾ ਸੀ ਕਿ ਉਹ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿੱਚ ਜਾ ਕੇ, ਮੱਥਾ ਟੇਕਣ ਤੇ ਅੱਜ ਉਹਨਾਂ ਦਾ ਮਨ ਦਾ ਸੁਪਨਾ ਪੂਰਾ ਹੋਇਆ ਏ। ਦੂਜੇ ਪਾਸੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਵਿਨੇਸ਼ ਫੋਗਾਟ ਨੇ ਭਾਰਤ ਦਾ ਨਾਮ ਰੋਸ਼ਨ ਕੀਤਾ ਏ ਇਸ ਦੇ ਲਈ ਅੱਜ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ ਏ।

---------------------------------------------------------------

ਸ਼ੀਤਲ ਦੇਵੀ ਅਤੇ ਰਾਕੇਸ਼ ਕੁਮਾਰ ਦੀ ਭਾਰਤ ਦੀ ਮਿਕਸਡ ਤੀਰਅੰਦਾਜ਼ੀ ਟੀਮ ਨੇ ਪੈਰਿਸ ਪੈਰਾਲੰਪਿਕ 2024 ਵਿੱਚ, 1399 ਦੇ ਸਾਂਝੇ ਸਕੋਰ ਨਾਲ, ਪੈਰਾਲੰਪਿਕ ਵਿੱਚ ਇੱਕ ਨਵਾਂ ਰਿਕਾਰਡ ਬਣਾਇਆ ਏ । ਇਹ ਤੀਰਅੰਦਾਜ਼ੀ ਜੋੜੀ, 2 ਸਤੰਬਰ ਨੂੰ ਟੌਪ ਸੀਡ ਦੇ ਤੌਰ 'ਤੇ ਕੁਆਰਟਰ ਫਾਈਨਲ 'ਚ ਖੇਡੇਗੀ ।